This question paper consists of **14** questions and **8** printed pages.

ਇਸ ਪ੍ਰਸ਼ਨ ਪੱਤਰ ਵਿੱਚ **14** ਸੁਆਲ ਹਨ ਅਤੇ **8** ਛੱਪੇ ਹੋਏ ਪੰਨੇ ਹਨ ।

**Roll No.**
**ਰੋਲ ਨੰਬਰ :**

| | | | | | | | | | | | |
|---|---|---|---|---|---|---|---|---|---|---|---|
| | | | | | | | | | | | |

**Code No. 64/S/O/P**
**ਕੋਡ ਨੰ.**

**SET A**

# PUNJABI
# (ਪੰਜਾਬੀ)
# (210)

**Day and Date of Examination**
**ਪਰਿਖਿਆ ਦਾ ਦਿਨ ਅਤੇ ਮਿਤੀ** ..................................................................

**Signature of Invigilators** 1. ..................................................................
**ਨਿਰੀਖਕਾਂ ਦੇ ਦਸਖ਼ਤ**
2. ..................................................................

---

**ਆਮ ਨਿਰਦੇਸ਼ :**

1. ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ ।
2. ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਉਤੱਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹੈ । ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰੀਅਲ) ਅਨੁਸਾਰ ਹੋਵੇ ।
3. ਅਬਜੈਕਟਿਵ ਟਾਇਪ ਪ੍ਰਸ਼ਨਾਂ ਜਿਹੜੇ ਕਿ (A), (B), (C) ਅਤੇ (D) ਹਨ ਵਿੱਚ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਪੁਸਤਕ ਵਿੱਚ ਲਿਖਿਆ ਜਾਵੇ ।
4. ਸਾਰੇ ਪ੍ਰਸ਼ਨ ਪੱਤਰ ਜਿਹਨਾਂ ਵਿੱਚ ਅਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹੈ ਕਿਉਂਕਿ ਹੋਰ ਅਲੱਗ ਸਮਾਂ ਨਹੀਂ ਦਿੱਤਾ ਜਾਵੇਗਾ ।
5. ਕੋਈ ਵੀ ਨਿਸ਼ਾਨ ਦਾ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀਂ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ ।
6. ਉੱਤਰ ਪੁਸਤਕ ਤੇ ਪ੍ਰਸ਼ਨ ਪੁਸਤਕ ਦਾ ਨੰਬਰ **64/S/O/P, ਸੈਟ Set A** ਜ਼ਰੂਰ ਲਿਖੋ ।

# PUNJABI

## (ਪੰਜਾਬੀ)

## (210)

ਸਮਾਂ : **3** ਘੰਟੇ ] [ ਕੁਲ ਅੰਕ : **100**

**ਨੋਟ :** (i) **ਸਾਰੇ** ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ ।

(ii) **ਸਾਰੇ** ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹਕੇ ਉਨ੍ਹਾਂ ਦੇ ਉੱਤਰ ਲਿਖੋ ।

1. ਹੇਠ ਲਿਖੇ ਪੈਰੇ ਨੂੰ ਪੜ੍ਹੋ ਤੇ ਉਸ ਸੰਬੰਧੀ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **$2 \times 4 = 8$**

ਅੱਜ ਕੱਲ੍ਹ ਅਖ਼ਬਾਰਾਂ, ਟੀ.ਵੀ.ਅਤੇ ਰੇਡੀਓ ਵਿੱਚ ਆ ਰਹੀਆਂ ਖ਼ਬਰਾਂ ਨੂੰ ਪੜ੍ਹ, ਦੇਖ ਅਤੇ ਸੁਣ ਕੇ ਪਤਾ ਲਗਦਾ ਹੈ ਕਿ ਨੌਜਵਾਨਾਂ ਵਿੱਚ ਗੁਨਾਹ ਦੀ ਪ੍ਰਵਿਰਤੀ ਵੱਧ ਰਹੀ ਹੈ । ਆਮ ਤੌਰ ਤੇ ਉਸ ਇਲਾਕੇ ਦੇ ਨੌਜਵਾਨ ਗੁਨਾਹਾਂ ਵਿੱਚ ਲਿਪਤ ਪਾਏ ਜਾਂਦੇ ਹਨ, ਜਿੱਥੇ ਭੀੜ-ਭੜੱਕਾ ਜਿਆਦਾ ਹੁੰਦਾ ਹੈ । ਜਿਨ੍ਹਾਂ ਘਰਾਂ ਵਿੱਚ ਰੋਟੀ ਕਮਾਉਣ ਦੀ ਚਿੰਤਾ ਰਹਿੰਦੀ ਹੋਵੇ, ਉਸ ਘਰ ਦੇ ਮਾਤਾ-ਪਿਤਾ ਦਾ ਜੀਵਨ ਰੁਝੇਵਿਆਂ ਭਰਿਆ ਹੋਵੇ ਤਾਂ ਉਹ ਆਪਣੇ ਬੱਚਿਆਂ ਲਈ ਸਮਾਂ ਨਹੀਂ ਕੱਢ ਸਕਦੇ । ਅਜਿਹੇ ਮਾਤਾ-ਪਿਤਾ ਬੱਚਿਆਂ ਦੇ ਮਨੋਭਾਵਾਂ ਨੂੰ ਨਹੀਂ ਸਮਝ ਸਕਦੇ । ਇਸ ਸਥਿਤੀ ਵਿੱਚ ਬੱਚਿਆਂ ਦਾ ਝੁਕਾਅ ਸ਼ਰਾਰਤਾਂ ਅਤੇ ਗੁਨਾਹਾਂ ਵੱਲ ਹੋ ਜਾਂਦਾ ਹੈ । ਅੱਜਕਲ੍ਹ ਸਿਨੇਮਾ ਅਤੇ ਟੈਲੀਵਿਜ਼ਨ ਵਿੱਚ ਵਿਖਾਈ ਜਾਣ ਵਾਲੇ ਹਿੰਸਾਤਮਕ ਦ੍ਰਿਸ਼ ਵੀ ਨੌਜਵਾਨਾਂ ਨੂੰ ਹਥਿਆਰ ਰੱਖਣ, ਨਸ਼ੇ, ਆਸ਼ਕੀ ਅਤੇ ਗੁਨਾਹਾਂ ਵੱਲ ਪ੍ਰੇਰਿਤ ਕਰਦੇ ਹਨ । ਨੌਜਵਾਨ ਵਿੱਚ ਭਾਵਾਤਮਕ ਤੌਰ ਤੇ ਪਕਿਆਈ ਨਾ ਹੋਣ ਕਰਕੇ ਉਹ ਇਨ੍ਹਾਂ ਗੁਨਾਹਾਂ ਤੋਂ ਹੋਣ ਵਾਲੇ ਨੁਕਸਾਨ ਅਤੇ ਨਤੀਜਿਆਂ ਤੋਂ ਅਣਜਾਣ ਹੁੰਦੇ ਹਨ । ਇਨ੍ਹਾਂ ਦ੍ਰਿਸ਼ਾਂ ਦਾ ਉਨ੍ਹਾਂ ਦੇ ਮਨ ਉਪਰ ਇੰਨਾ ਗਹਿਰਾ ਪ੍ਰਭਾਵ ਹੁੰਦਾ ਹੈ ਕਿ ਉਹ ਮਾਤਾ-ਪਿਤਾ ਅਤੇ ਅਧਿਆਪਕਾਂ ਵੱਲੋਂ ਦਿੱਤੇ ਗਏ ਸੰਸਕਾਰਾਂ ਨੂੰ ਅਣਗੌਲਿਆਂ ਕਰ ਜਾਂਦੇ ਹਨ । ਬੱਚੇ ਉਮਰ ਦੇ ਇਸ ਨਾਜ਼ੁਕ ਦੌਰ ਵਿੱਚ ਗੁਜ਼ਰ ਰਹੇ ਹੁੰਦੇ ਹਨ ਅਤੇ ਅਣਜਾਣੇ ਵਿੱਚ ਗਲਤ ਯਾਰਾਂ-ਦੋਸਤਾਂ ਦੀ ਸੰਗਤ ਵਿੱਚ ਪੈ ਕੇ ਨਸ਼ਿਆਂ ਅਤੇ ਗੁਨਾਹਾਂ ਵੱਲ ਕਦਮ ਚੁੱਕ ਲੈਂਦੇ ਹਨ ।

**ਪ੍ਰਸ਼ਨ :**

(i) ਸਾਨੂੰ ਕਿਵੇਂ ਪਤਾ ਲਗਦਾ ਹੈ ਕਿ ਅੱਜ-ਕੱਲ੍ਹ ਨੌਜਵਾਨਾਂ ਵਿੱਚ ਗੁਨਾਹ ਦੀ ਪ੍ਰਵਿਰਤੀ ਵੱਧ ਰਹੀ ਹੈ ?

(ii) ਆਮ ਤੌਰ ਤੇ ਕਿਸ ਤਰ੍ਹਾਂ ਦੇ ਇਲਾਕੇ ਦੇ ਨੌਜਵਾਨ ਗੁਨਾਹਾਂ ਵਿੱਚ ਲਿਪਤ ਪਾਏ ਜਾਂਦੇ ਹਨ ?

(iii) ਕਿਹੜੇ ਘਰਾਂ ਦੇ ਮਾਤਾ-ਪਿਤਾ ਆਪਣੇ ਬੱਚਿਆਂ ਲਈ ਸਮਾਂ ਨਹੀਂ ਕੱਢ ਸਕਦੇ ?

(iv) ਸਿਨੇਮਾ ਅਤੇ ਟੈਲੀਵਿਜ਼ਨ ਵਿੱਚ ਵਿਖਾਏ ਜਾਣ ਵਾਲੇ ਹਿੰਸਾਤਮਕ ਦ੍ਰਿਸ਼ਾਂ ਦਾ ਨੌਜਵਾਨਾਂ ਉੱਤੇ ਕੀ ਅਸਰ ਹੁੰਦਾ ਹੈ ?

2. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ : **1 × 15 = 15**

(i) ਹਿੰਦੀ ਦਾ 'अ' ਗੁਰਮੁਖੀ ਵਿੱਚ ਲਿਖਿਆ ਜਾਂਦਾ ਹੈ :

(A) ੲ (B) ਅ

(C) ੲ (D) ਵ

(ii) 'ੌ' ਚਿੰਨ੍ਹ ਦਾ ਨਾਂ ਹੈ :

(A) ਹੋੜਾ (B) ਕਨੌੜਾ

(C) ਔਂਕੜ (D) ਦੁਲੈਂਕੜ

(iii) ਦੁੱਤ ਅੱਖਰਾਂ ਦੀ ਵਰਤੋਂ ਕਿੱਥੇ ਹੁੰਦੀ ਹੈ :

(A) ਅੱਖਰ ਦੇ ਅੰਤ ਵਿੱਚ (B) ਅੱਖਰ ਦੇ ਵਿਚਕਾਰ

(C) ਅੱਖਰ ਦੇ ਵਿਚਕਾਰ (D) ਅੱਖਰ ਦੇ ਉੱਪਰ

(iv) ਹੇਠ ਲਿਕੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਸਹੀ ਹੈ :

(A) ਕਹਿਰ (B) ਕੈਹਰ

(C) ਕਿਹਰ (D) ਕਹਰ

(v) 'ਪੁਸਤਕ' ਸ਼ਬਦ ਨਾਂਵ ਦੀ ਕਿਹੜੀ ਕਿਸਮ ਹੈ ?

(A) ਇੱਕਠਵਾਚਕ ਨਾਂਵ (B) ਭਾਵ ਵਾਚਕ ਨਾਂਵ

(C) ਖਾਸ ਨਾਂਵ (D) ਆਮ ਨਾਂਵ

(vi) ਹੇਠ ਲਿਖੇ ਵਾਕ ਵਿੱਚ ਲਕੀਰੇ ਸ਼ਬਦ ਦਾ ਲਿੰਗ ਬਦਲ ਕੇ ਖਾਲੀ ਥਾਂ ਭਰੋ :

ਮੇਰੀ ਚਾਚੀ ਜੀ ਦੇ ਇੱਕ ਮੁੰਡਾ ਅਤੇ ਇੱਕ _______ ਹੈ ।

(A) ਕੁੜੀ (B) ਧੀ

(C) ਨੂੰਹ (D) ਚਾਚਾ

(vii) 'ਅੱਖ' ਦਾ ਬਹੁਵਚਨ ਹੈ :

(A) ਅੱਖੀ (B) ਅੱਖੇ

(C) ਅੱਖਾਂ (D) ਆਂਖੇ

(viii) 'ਲਈ' ਸ਼ਬਦ ਕਿਹੜੇ ਕਾਰਕ ਦਾ ਚਿੰਨ੍ਹ ਹੈ :

(A) ਕਰਨ (B) ਕਰਮ

(C) ਸੰਪ੍ਰਦਾਨ (D) ਅਪਾਦਾਨ

(ix) ਪੜਨਾਂਵ ਕਿੰਨੀ ਤਰ੍ਹਾਂ ਦੇ ਹੁੰਦੇ ਹਨ :

(A) ਅੱਠ (B) ਛੇ

(C) ਚਾਰ (D) ਦੋ

(x) ਜੋ ਸ਼ਬਦ ਤੋਲੀਆਂ, ਮਾਪੀਆਂ ਜਾਂ ਮਿਣੀਆਂ ਜਾਣ ਵਾਲੀਆਂ ਵਸਤਾਂ ਲਈ ਵਰਤੇ ਜਾਣ, ਉਹਨਾਂ ਨੂੰ ਕੀ ਕਹਿੰਦੇ ਹਨ :

(A) ਪਰਿਮਾਣ ਵਾਚਕ ਵਿਸ਼ੇਸ਼ਣ (B) ਪੜ੍ਹਨਾਵੀਂ ਵਿਸ਼ੇਸ਼ਣ

(C) ਗੁਣਵਾਚਕ ਵਿਸ਼ੇਸ਼ਣ (D) ਸੰਖਿਆਵਾਚਕ ਵਿਸ਼ੇਸ਼ਣ

(xi) ਕਿਰਿਆ ਕਿੰਨੀ ਪ੍ਰਕਾਰ ਦੀ ਹੁੰਦੀ ਹੈ :

(A) ਇੱਕ (B) ਦੋ

(C) ਤਿੰਨ (D) ਚਾਰ

(xii) ਕਿਰਿਆ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦ ਨੂੰ ਕੀ ਕਹਿੰਦੇ ਹਨ :

(A) ਕਿਰਿਆ (B) ਵਿਸ਼ੇਸ਼ਣ

(C) ਪੜਨਾਂਵ (D) ਕਿਰਿਆ ਵਿਸ਼ੇਸ਼ਣ

(xiii) ਸੰਬੰਧਕ ਕਿੰਨੇ ਪ੍ਰਕਾਰ ਦੇ ਹੁੰਦੇ ਹਨ :

(A) ਤਿੰਨ (B) ਚਾਰ

(C) ਪੰਜ (D) ਛੇ

(xiv) 'ਦੇਸ ਦਾ ਭਗਤ' ਸ਼ਬਦ-ਸਮੂਹ ਲਈ ਸਮਾਸੀ ਸ਼ਬਦ ਚੁਣੋ :

(A) ਦੇਸ਼-ਭਗਤ (B) ਦੇਸ ਭਗਤ

(C) ਦੇਸ ਭਗਤੀ (D) ਦੇਸ-ਭਗਤੀ

(xv) ਅਗੇਤਰ ਅਤੇ ਮੂਲ ਸ਼ਬਦ ਦੇ ਠੀਕ ਵਿਕਲਪ ਅੱਗੇ ਸਹੀ (✓) ਦਾ ਚਿੰਨ ਲਗਾਓ :

(A) ਦੁਰਘ + ਟਨਾ (B) ਦੁਰਘਟ + ਨਾ

(C) ਦੁਰ + ਘਟਨਾ (D) ਦੁ + ਰਘਟਨਾ

3. (i) 'ਕੋਈ ਕੰਮ ਨਾ ਕਰਨਾ' ਅਰਥ ਦਾ ਸਹੀ ਮੁਹਾਵਰਾ ਚੁਣੋ : **1 × 5 = 5**

(A) ਹੱਥ ਤੰਗ ਹੋਣਾ (B) ਹੱਥ'ਤੇ ਹੱਥ ਧਰ ਕੇ ਬਹਿਣਾ

(C) ਹਿੱਕ 'ਤੇ ਸੱਪ ਲੇਟਣਾ (D) ਕੰਨਾਂ ਵਿੱਚ ਰੂੰ ਦੇਣੀ

(ii) 'ਉੱਲੂ ਸਿੱਧਾ ਕਰਨਾ' ਮੁਹਾਵਰਾ ਦਾ ਸਹੀ ਅਰਥ ਚੁਣੋ :

(A) ਆਪਣਾ ਨੁਕਸਾਨ ਆਪ ਕਰਨਾ (B) ਪੁੱਠੇ ਕੰਮ ਕਰਨੇ

(C) ਆਪਣਾ ਮਤਲਬ ਕੱਢਣਾ (D) ਆਸਰਾ ਦੇਣਾ

(iii) ਮੁਹਾਵਰਿਆਂ ਅਖਾਣਾਂ ਨੂੰ ਪੂਰਾ ਕਰੋ –

ਉਮਰ ਦੀਆਂ ਰੋਟੀਆਂ ________।

(iv) ਇੱਕ ਪੰਥ, ________।

(v) ਥੋਥਾ ਚਨਾ ________।

4. ਹੇਠ ਲਿਖੇ ਬਹੁਅਰਥਕ ਸ਼ਬਦਾਂ ਤੋਂ ਘੱਟੋ-ਘੱਟ ਅਜਿਹੇ ਦੋ ਵਾਕ ਬਲਾਉ ਕਿ ਇੱਕ ਤੋਂ ਵੱਧ ਅਰਥ ਸਪਸ਼ਟ ਹੋ ਜਾਣ : **2**

ਕਲੀ, ਉੱਤਰ

5. ਹੇਠ ਲਿਖੀ ਵਾਰਤਾ ਨੂੰ ਵਿਸਰਾਮ ਚਿੰਨ੍ਹ ਲਾਓ : **3**

(i) ਪ੍ਰਦੀਪ ਨੇ ਤਾਨ੍ਹਾ ਮਾਰਿਆ ਏਸ ਸਿਧੜੇ ਨੇ ਮੇਰਾ ਕਹਿਣਾ ਕਿਉਂ ਮੰਨਣਾ ਏ

(ii) ਅਧਿਆਪਕ ਨੇ ਕਿਹਾ ਸ਼ੋਰ ਨਾ ਕਰੋ

6. ਹੇਠ ਲਿਖਿਆਂ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਤੇ ਲਗਪਗ **250** ਸ਼ਬਦਾਂ ਦਾ ਭਾਵਪੂਰਤ ਲੇਖ ਲਿਖੋ : **10**

(i) ਵਿੱਦਿਆ ਵਿਚਾਰੀ ਤਾਂ ਪਰਉਪਕਾਰੀ

(ii) ਵਧੱਦਾ ਹਵਾ ਪ੍ਰਦੂਸ਼ਣ : ਕਾਰਨ ਤੇ ਉਪਾਅ

(iii) ਸੰਗਤ ਦੀ ਰੰਗਤ

(iv) ਮਨਪਰਚਾਵੇ ਦੇ ਆਧੁਨਿਕ ਸਾਧਨ

7. ਤੁਸੀਂ ਸਕੂਲ ਦੇ ਵਿਦਿਆਰਥੀਆਂ ਨਾਲ ਟੂਰ ਤੋਂ ਵਾਪਸ ਆਏ ਹੋ, ਚਿੱਠੀ ਲਿਖ ਕੇ ਆਪਣੀ ਸਹੇਲੀ ਨਾਲ ਆਪਣਾ ਅਨੁਭਵ ਸਾਂਝਾ ਕਰੋ । **7**

**ਜਾਂ**

ਤੁਹਾਡੀ ਮਾਤਾ ਜੀ ਦਾ ਮੋਬਾਇਲ ਫੋਨ ਗੁਆਚ ਗਿਆ ਹੈ । ਇਸ ਬਾਰੇ ਨੇੜੇ ਦੇ ਥਾਣੇ ਵਿੱਚ ਰਿਪੋਰਟ ਲਿਖਵਾਉ ।

8. 'ਫਰੀਦਾ ਜੇ ਤੂੰ ਅਕਲਿ ਲਤੀਫੁ ਕਾਲੇ ਲਿਖ ਨ ਲੇਖੁ ।।

ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ।।' **5**

ਬਾਬਾ ਫਰੀਦ ਜੀ ਇਸ ਸਲੋਕ ਰਾਹੀਂ ਮਨੁੱਖ ਨੂੰ ਕੀ ਸੁਨੇਹਾ ਦੇ ਰਹੇ ਹਨ ? ਉੱਤਰ **100-125** ਸ਼ਬਦਾਂ ਵਿੱਚ ਲਿਖੋ ।

**ਜਾਂ**

'ਰਹੀ ਵਾਸਤੇ ਘੱਤ, 'ਸਮੇਂ' ਨੇ ਇੱਕ ਨਾ ਮੰਨੀ ।

ਫੜ ਫੜ ਰਹੀ ਧਰੀਕ, 'ਸਮੇਂ' ਖਿਸਕਾਈ ਕੰਨੀ ।

ਕਿਵੇਂ ਨਾ ਸਕੀ ਰੋਕ, ਅਟਕ ਜੋ ਪਾਈ, ਭੰਨੀ ।

ਤ੍ਰਿਖੇ ਆਪਣੇ ਵੇਗ, ਗਿਆ ਟੱਪ ਬੰਨੇ ਬੰਨੀ ।'

'ਸਮਾਂ' ਕਵਿਤਾ ਰਾਹੀਂ ਕਵੀ ਭਾਈ ਵੀਰ ਸਿੰਘ ਮਨੁੱਖ ਨੂੰ ਸਮੇਂ ਬਾਰੇ ਕੀ ਦੱਸ ਰਹੇ ਹਨ ? ਉੱਤਰ **100-125** ਸ਼ਬਦਾਂ ਵਿੱਚ ਲਿਖੋ ।

9. 'ਸਵਰਗ ਦੀ ਝਲਕ' ਕਹਾਣੀ ਕਿਸ ਉਦੇਸ਼ ਨਾਲ ਲਿਖੀ ਗਈ ਹੈ ? ਉੱਤਰ **100-125** ਸ਼ਬਦਾਂ ਵਿੱਚ ਲਿਖੋ । **5**

10. ਇਕਾਂਗੀ 'ਬੇਈਮਾਨ' ਵਿੱਚੋਂ ਹੇਠਾਂ ਦਿੱਤੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦੀ ਪਾਤਰ ਉਸਾਰੀ **100-125** ਸ਼ਬਦਾਂ ਵਿੱਚ ਕਰੋ : **5**

ਬਸੰਤ ਰਾਮ, ਮੋਟਰ ਵਾਲਾ, ਵਰਕਸ਼ਾਪ ਦਾ ਮੈਨੇਜਰ

11. ਕਿਹੜੇ–ਕਿਹੜੇ ਖੇਤਰਾਂ ਵਿੱਚ ਕੰਪਿਊਟਰ ਦੀ ਵਰਤੋਂ ਕੀਤੀ ਜਾ ਰਹੀ ਹੈ ? ਵਿਸਤਾਰ ਸਹਿਤ ਉੱਤਰ ਲੇਖ 'ਕੰਪਿਊਟਰ' ਦੇ ਆਧਾਰ 'ਤੇ **100-125** ਸ਼ਬਦਾਂ ਵਿੱਚ ਦਿਉ । **5**

12. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **ਇੱਕ** ਵਾਕ ਵਿੱਚ ਲਿਖੋ । ਹਰ **ਇੱਕ** ਸਹੀ ਉੱਤਰ ਦਾ **ਇੱਕ** ਅੰਕ ਹੈ : **1 × 12 = 12**

(i) ਫਰੀਦ ਜੀ ਅਨੁਸਾਰ ਮਨੁੱਖ ਨੂੰ ਕਿਹੜੇ ਕੰਮ ਨਹੀਂ ਕਰਨੇ ਚਾਹੀਦੇ ਹਨ ?

(ii) ਸ਼ਾਹ ਮੁਹੰਮਦ ਨੇ ਜੰਗਨਾਮੇ ਦੀ ਰਚਨਾ ਕਿਸ ਛੰਦ ਵਿੱਚ ਕੀਤੀ ਹੈ ?

(iii) ਸਰਘੀ ਵੇਲਾ ਕਿਹੜਾ ਹੁੰਦਾ ਹੈ ?

(iv) ਲੇਡੀ ਡਾਕਟਰ ਪਾਲੀ ਦੀ ਤਨਖ਼ਾਹ ਕਿੰਨੀ ਸੀ ?

(v) ਲੇਖਕ ਦੀ ਗੁਆਂਢਣ ਨੇ ਉਸਦੀ ਵਹੁਟੀ ਨੂੰ ਸਵੇਰੇ ਉਠਦਿਆਂ ਸਾਰ ਕੀ ਦੱਸਿਆ ?

(vi) 'ਸਵਰਗ ਦੀ ਝਲਕ' ਕਹਾਣੀ ਵਿੱਚ ਲੇਖਕ ਰਿਕਸ਼ੇ ਨੂੰ ਬੁਰਾ ਕਿਉਂ ਸਮਝਦਾ ਸੀ ?

(vii) 'ਮਲੰਗ' ਕਹਾਣੀ ਅਨੁਸਾਰ ਦੱਸੋ ਕਿ ਮੁਕਾਬਲਾ ਕਰਨਾ ਕਿਨ੍ਹਾਂ ਖੇਤਰਾਂ ਵਿੱਚ ਚੰਗਾ ਹੈ ?

(viii) ਮੋਟਰਵਾਲਾ ਬਸੰਤ ਰਾਮ ਦੀ ਸ਼ਿਕਾਇਤ ਲਿਖਣ ਲਈ ਜੇਬ੍ਹ ਵਿੱਚੋਂ ਕੀ ਕੱਢਦਾ ਹੈ ?

(ix) ਸਿਆਣੇ ਮਨੁੱਖਾਂ ਨੇ 21ਵੀਂ ਸਦੀ ਨੂੰ ਕਿਸ ਯੁੱਗ ਦਾ ਨਾਂ ਦਿੱਤਾ ਹੈ ?

(x) ਸਾਹ ਲੈਣ ਤੇ ਸ਼ੁੱਧ ਹਵਾ ਨਾਲ ਜੋ ਆਕਸੀਜਨ ਪ੍ਰਾਪਤ ਹੁੰਦੀ ਹੈ, ਉਸਨੂੰ ਸਰੀਰ ਦੇ ਹਰ ਹਿੱਸੇ ਵਿੱਚ ਕੌਣ ਪਹੁੰਚਾਉਂਦਾ ਹੈ ?

(xi) ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿੱਚ ਕਿਸ ਚੀਜ਼ ਨੂੰ ਖ਼ਤਮ ਕੀਤਾ ਸੀ ?

(xii) ਮਨੁੱਖ ਦਾ ਆਚਰਨ ਕਿੱਥੇ ਬਣਦਾ ਹੈ ?

13. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **30-40** ਸ਼ਬਦਾਂ ਵਿੱਚ ਲਿਖੋ : **2 × 6 = 12**

(i) 'ਨਿੱਕੇ ਵੱਡੇ ਡਰ' ਕਵਿਤਾ ਵਿੱਚ ਪਿਉ, ਧੀਆਂ ਨੂੰ ਕੀ ਕਹਿਣਾ ਚਾਹੁੰਦਾ ਹੈ ?

(ii) ਦਿਲ ਦਾ ਰੋਗ ਮਿਟਾਉਣ ਵਾਲੇ ਲਈ ਹੀਰ ਕੀ ਕੁਝ ਕਰਨ ਲੀ ਤਿਆਰ ਹੈ ?

(iii) ਪਿੰਡ ਦੇ ਬੰਦੇ ਨਾਲ ਨੰਦੂ ਨੇ ਉਪਰਿਆਂ ਵਾਲਾ ਵਿਵਹਾਰ ਕਿਉਂ ਕੀਤਾ ?

(iv) ਬਲੱਡ ਬੈਂਕ ਵਿੱਚ ਖ਼ੂਨਦਾਨ ਕਰਨ ਨਾਲ ਕੀ ਲਾਭ ਹੁੰਦਾ ਹੈ ?

(v) ਭਗਤ ਸਿੰਘ ਨੇ ਕਿਹੜੀਆਂ ਪੁਸਤਕਾਂ ਪੜ੍ਹੀਆਂ ਸਨ ?

(vi) ਘਰ ਦੇ ਪਿਆਰ ਦੀ ਕੀ ਮਹੱਤਤਾ ਹੈ ?

14. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ **50** ਸ਼ਬਦਾਂ ਵਿੱਚ ਲਿਖੋ : **3 × 2 = 6**

(i) 'ਸਿੰਮਲ ਰੁੱਖ ਸਰਾਇਰਾ ਅਤਿ ਦੀਰਘ ਅਤਿ ਮੁਚੁ ।
ਓਇ ਜਿ ਆਵਹਿ ਆਸ ਕਰਿ ਸਾਹਿ ਨਿਰਾਸੇ ਕਿਤੁ ।
ਫਲ ਫਿਕੇ ਫੁਲ ਬਕਬਕੇ ਕਿੰਮਿ ਨਾ ਆਵਹਿ ਪਤੁ ।
ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤੱਤੁ ।'
ਉਪਰੋਕਤ ਕਾਵਿ ਸਤਰਾਂ ਦੇ ਰਚਣਹਾਰ ਕੌਣ ਹਨ ?
ਇਹਨਾਂ ਸਤਰਾਂ ਰਾਹੀਂ ਉਹ ਕੀ ਸਿੱਖਿਆ ਦੇ ਰਹੇ ਹਨ ?

(ii) ਜੀਤ ਨੇ ਉਦਾਸ ਹੋ ਕੇ ਡਾਕਟਰ ਪਾਲੀ ਨੂੰ ਆਪਣੇ ਜੀਵਨ ਦਾ ਕਿਹੜਾ ਸੱਚ ਦੱਸਿਆ ?

---